**Series : EFGH/S**

**SET ~ 4**

**Q.P. Code 6/S**

**Roll No.**

Candidates must write the Q.P. Code on the title page of the answer-book.

**ਨੋਟ / NOTE :**

(I) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **11** ਪੰਨੇ ਹਨ ।
Please check that this question paper contains **11** printed pages.

(II) ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
Q.P. Code given on the right hand side of the question paper should be written on the title page of the answer-book by the candidate.

(III) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **16** ਪ੍ਰਸ਼ਨ ਹਨ ।
Please check that this question paper contains **16** questions.

(IV) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
**Please write down the Serial Number of the question in the answer-book at the given place before attempting it.**

(V) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the candidates will read the question paper only and will not write any answer on the answer-book during this period.

#

# ਪੰਜਾਬੀ

# PUNJABI

*ਸਮਾਂ ਸੀਮਾ : **3** ਘੰਟੇ* | *ਪੂਰਨ ਅੰਕ : **80***

*Time allowed : **3** hours* | *Maximum Marks : **80***

***General Instructions :***

*Question paper is divided into four parts.*
*It has total 16 questions.*
***Part-I*** *: 2 Questions no. 1 and 2*
***Part-II*** *: 5 Questions no. 3 to 7*
***Part-III*** *: 3 Questions no. 8 to 10*
***Part-IV*** *: 6 Questions no. 11 to 16*
*Attempt questions as per specific instructions.*
*Write question no. in answer-book before attempting it.*

***ਸਧਾਰਨ ਨਿਰਦੇਸ਼ :***

*ਪ੍ਰਸ਼ਨ-ਪੱਤਰ ਵਿੱਚ ਕੁੱਲ ਚਾਰ ਭਾਗ ਹਨ ।*
*ਇਸ ਵਿੱਚ ਕੁੱਲ 16 ਪ੍ਰਸ਼ਨ ਹਨ ।*
***ਭਾਗ-I*** *:2 ਪ੍ਰਸ਼ਨ ਨੰ. 1 ਅਤੇ 2*
***ਭਾਗ-II*** *:5 ਪ੍ਰਸ਼ਨ ਨੰ. 3 ਤੋਂ 7 ਤੱਕ*
***ਭਾਗ-III*** *:3 ਪ੍ਰਸ਼ਨ ਨੰ. 8 ਤੋਂ 10 ਤੱਕ*
***ਭਾਗ-IV*** *:6 ਪ੍ਰਸ਼ਨ ਨੰ. 11 ਤੋਂ 16 ਤੱਕ*

***ਆਮ ਨਿਰਦੇਸ਼ :***

*ਪ੍ਰਸ਼ਨ-ਪੱਤਰ ਹੱਲ ਕਰਨ ਤੋਂ ਪਹਿਲਾਂ, ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :*

- *ਸਾਰੇ ਪ੍ਰਸ਼ਨ ਲਾਜ਼ਮੀ ਹਨ । ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ । ਉਸ ਨੂੰ ਧਿਆਨ ਨਾਲ਼ ਵੇਖ ਕੇ ਹੱਲ ਕੀਤਾ ਜਾਵੇ ।*
- *ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ / ਚਿੰਨ੍ਹ ਦੇ ਨਾਲ਼ ਨਾਲ਼ ਉੱਤਰ ਵੀ ਲਿਖਿਆ ਜਾਵੇ ।*
- *ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ ।*
- *ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 16 ਪ੍ਰਸ਼ਨ ਹਨ ਤੇ ਇਸ ਦੇ ਚਾਰ ਭਾਗ ਹਨ । ਭਾਗ-I ਪੜ੍ਹਨ-ਕੌਸ਼ਲ, ਭਾਗ-II ਵਿਆਕਰਨ, ਭਾਗ-III ਪ੍ਰਭਾਵਸ਼ਾਲੀ ਲਿਖਣ ਕੌਸ਼ਲ ਅਤੇ ਭਾਗ-IV ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ ।*
- ***ਭਾਗ-I :*** *ਪੜ੍ਹਨ-ਕੌਸ਼ਲ ਵਿੱਚ ਕੁੱਲ 2 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।*
- ***ਭਾਗ-II :*** *ਵਿਆਕਰਨ ਵਿੱਚ ਕੁੱਲ 5 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।*
- ***ਭਾਗ-III :*** *ਪ੍ਰਭਾਵਸ਼ਾਲੀ ਲਿਖਣ ਕੌਸ਼ਲ ਵਿੱਚ ਕੁੱਲ 3 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।*
- ***ਭਾਗ-IV :*** *ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ ਵਿੱਚ ਕੁੱਲ 6 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।*

## ਭਾਗ-I : ਪੜ੍ਹਨ ਕੌਸ਼ਲ

## (PART-I : Reading Skills) *6+4=10*

***ਨੋਟ :*** *ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ, ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ। ਉੱਤਰ ਸ਼ੀਟ ਵਿੱਚ ਦਰਜ ਕਰੋ :*

**1.** ਰੂਪਨਗਰ ਦਾ ਪਹਿਲਾ ਨਾਂ ਰੋਪੜ ਸੀ, 16 ਨਵੰਬਰ, 1976 ਈ. ਨੂੰ ਇਸ ਸ਼ਹਿਰ ਅਤੇ ਇਸ ਜ਼ਿਲ੍ਹੇ ਦਾ ਨਾਂ ਰੋਪੜ ਤੋਂ ਰੂਪਨਗਰ ਕਰ ਦਿੱਤਾ ਗਿਆ । ਇਹ ਸ਼ਹਿਰ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਵੱਸਿਆ ਹੋਇਆ ਹੈ । ਸਤਲੁਜ ਦਰਿਆ ਇਸ ਦੇ ਕੋਲੋਂ ਵਹਿੰਦਾ ਹੈ । ਇਸ ਦਰਿਆ ਵਿੱਚੋਂ ਕੱਢੀ ਗਈ ਸਰਹਿੰਦ ਨਹਿਰ ਵੀ ਇੱਥੋਂ ਹੀ ਵਹਿਣਾ ਆਰੰਭ ਕਰਦੀ ਹੈ । ਬਿਸਤ ਦੁਆਬ ਨਾਂ ਦੀ ਇੱਕ ਹੋਰ ਨਹਿਰ, ਦਰਿਆ ਦੇ ਦੂਜੇ ਕਿਨਾਰੇ ਤੋਂ ਕੱਢੀ ਗਈ ਹੈ । ਦੁਆਬੇ ਦੇ ਕੁਝ ਭਾਗਾਂ ਨੂੰ ਇਸ ਦਾ ਪਾਣੀ ਜਾਂਦਾ ਹੈ । ਨੰਗਲ, ਭਾਖੜਾ ਡੈਮ ਤੋਂ ਕੱਢੀ ਗਈ ਭਾਖੜਾ ਨਹਿਰ ਵੀ ਰੂਪਨਗਰ ਦੇ ਕੋਲੋਂ ਲੰਘਦੀ ਹੈ । ਰੂਪਨਗਰ ਵਿਖੇ ਹੈੱਡਵਰਕਸ ਬਣਾਇਆ ਗਿਆ ਹੈ । ਇਸ ਹੈੱਡਵਰਕਸ ਦੇ ਉੱਪਰਲੇ ਪਾਸੇ ਸਤਲੁਜ ਦਰਿਆ ਇੱਕ ਵੱਡੀ ਝੀਲ ਵਾਂਗ ਦਿਸਦਾ ਹੈ । ਇੱਥੇ ਦਰਿਆ ਦੇ ਸ਼ਹਿਰ ਵੱਲ ਦੇ ਕੰਢੇ ਉੱਤੇ ਸੈਰ-ਸਪਾਟੇ ਲਈ ਥਾਂ ਬਣਾ ਦਿੱਤੀ ਹੈ । ਇਸ ਪ੍ਰਕਾਰ ਇਹ ਸ਼ਹਿਰ ਕੁਦਰਤੀ ਦ੍ਰਿਸ਼ਾਂ ਨਾਲ਼ ਭਰਪੂਰ ਹੈ, ਇਸ ਤੋਂ ਜਾਪਦਾ ਹੈ ਕਿ ਇਸ ਸ਼ਹਿਰ ਦਾ ਨਵਾਂ ਨਾਂ 'ਰੂਪਨਗਰ' ਇਸ ਦੀ ਸੁੰਦਰਤਾ ਕਾਰਨ ਬੜਾ ਢੁਕਵਾਂ ਹੈ । 1831 ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿੰਕ ਵਿਚਕਾਰ ਇਤਿਹਾਸਿਕ ਸੰਧੀ ਇਸੇ ਸ਼ਹਿਰ ਵਿੱਚ ਸਤਲੁਜ ਦੇ ਕੰਢੇ 'ਤੇ ਹੋਈ ਸੀ । ਇਸ ਸੰਧੀ ਅਨੁਸਾਰ ਅੰਗਰੇਜ਼ਾਂ ਨੇ ਸਤਲੁਜ ਪਾਰ ਦੇ ਮਹਾਰਾਜਾ ਰਣਜੀਤ ਸਿੰਘ ਦੇ ਇਲਾਕੇ ਵਿੱਚ ਪੈਰ ਨਹੀਂ ਪਾਉਣਾ ਸੀ । ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਦੇ ਇਸ ਪਾਸੇ ਦੀ ਹੱਦ ਸਤਲੁਜ ਦਰਿਆ ਤੀਕ ਮੰਨਣੀ ਸੀ । ਇਸ ਪ੍ਰਕਾਰ ਇਹ ਸੰਧੀ ਪੰਜਾਬ ਦੇ ਹੀ ਨਹੀਂ ਸਗੋਂ ਭਾਰਤ ਦੇ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ । ਇਸ ਸ਼ਹਿਰ ਆਏ ਯਾਤਰੂ ਸੰਧੀ ਵਾਲ਼ੀ ਯਾਦਗਾਰ ਥਾਂ ਨੂੰ ਵੇਖਣਾ ਪਸੰਦ ਕਰਦੇ ਹਨ । ਪੁਨਰਗਠਨ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਵਿੱਚ ਰੋਪੜ, ਜ਼ਿਲ੍ਹਾ ਅੰਬਾਲਾ ਦੀ ਕੇਵਲ ਇੱਕ ਤਹਿਸੀਲ ਸੀ । ਫਿਰ ਪੁਨਰਗਠਨ ਪਿੱਛੋਂ ਅੰਬਾਲਾ ਹਰਿਆਣਾ ਦਾ ਭਾਗ ਬਣ ਗਿਆ, ਇਸ ਉਪਰੰਤ ਰੂਪਨਗਰ ਪੂਰਾ ਜ਼ਿਲ੍ਹਾ ਬਣ ਗਿਆ । ਇਸ ਤਰ੍ਹਾਂ ਇਹ ਸ਼ਹਿਰ ਅਤੇ ਜ਼ਿਲ੍ਹਾ ਰੂਪਨਗਰ ਦੇ ਨਾਂ ਨਾਲ਼ ਜਾਣਿਆ ਗਿਆ । *6×1=6*

(i) ਰੂਪਨਗਰ ਜ਼ਿਲ੍ਹੇ ਦਾ ਪਹਿਲਾ ਨਾਂ ਕੀ ਸੀ ?

(A) ਬਿਸਤ ਦੁਆਬ (B) ਨੰਗਲ

(C) ਭਾਖੜਾ (D) ਰੋਪੜ

(ii) ਰੂਪਨਗਰ ਕੋਲੋਂ ਕਿਹੜਾ ਦਰਿਆ ਵਹਿੰਦਾ ਹੈ ?

(A) ਸ਼ਿਵਾਲਿਕ (B) ਬਿਆਸ

(C) ਸਤਲੁਜ (D) ਘੱਗਰ

(iii) ਪੁਨਰਗਠਨ ਤੋਂ ਪਹਿਲਾਂ ਰੋਪੜ, ਜ਼ਿਲ੍ਹਾ ___________ ਦੀ ਕੇਵਲ ਇੱਕ ਤਹਿਸੀਲ ਸੀ ।
ਸਹੀ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ ।

(A) ਅੰਬਾਲਾ (B) ਹਰਿਆਣਾ
(C) ਲਾਹੌਰ (D) ਸ਼ਿਮਲਾ

(iv) ਪੈਰੇ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਵਿਚਕਾਰ ਸੰਧੀ ਕਿਸ ਸਥਾਨ 'ਤੇ ਹੋਈ ?

(A) ਨੰਗਲ ਵਿਖੇ (B) ਸਤਲੁਜ ਦੇ ਕੰਢੇ
(C) ਅੰਬਾਲਾ ਵਿਖੇ (D) ਭਾਖੜਾ ਡੈਮ ਵਿਖੇ

(v) ਸਤਲੁਜ ਦਰਿਆ ਦੇ ਪਾਣੀ ਨੂੰ ਲੋੜ ਅਨੁਸਾਰ ਨਹਿਰਾਂ ਵਿੱਚ ਭੇਜਣ ਲਈ ਰੂਪਨਗਰ ਵਿਖੇ ਕੀ ਬਣਾਇਆ ਹੋਇਆ ਹੈ ?

(A) ਪਹਾੜ (B) ਸੜਕ
(C) ਸ਼ਹਿਰ (D) ਹੈੱਡਵਰਕਸ

(vi) ਭਾਖੜਾ ਡੈਮ ਵਿੱਚੋਂ ਕੱਢੀ ਗਈ ਕਿਹੜੀ ਨਹਿਰ ਰੂਪਨਗਰ ਕੋਲੋਂ ਲੰਘਦੀ ਹੈ ?

(A) ਰੋਪੜ ਨਹਿਰ (B) ਭਾਖੜਾ ਨਹਿਰ
(C) ਯਮੁਨਾ ਨਹਿਰ (D) ਸ਼ਿਵਾਲਿਕ ਨਹਿਰ

**2.** ਧਰਤੀ ਤੇਰੀਆਂ ਦਾਤਾਂ ਦਾ ਮੁੱਲ ਪਾਵਾਂਗੇ,
ਤੇਰੇ ਅੱਗੇ ਆਪਣਾ ਸੀਸ ਝੁਕਾਵਾਂਗੇ ।
ਤੇਰੇ ਦਰਿਆਵਾਂ ਦੇ ਮਿੱਠੜੇ ਪਾਣੀ ਨੂੰ,
ਹਰ ਪਿਆਸੇ ਦੇ ਬੁੱਲ੍ਹਾਂ ਤੀਕ ਪਹੁੰਚਾਵਾਂਗੇ ।
ਚਾਰ-ਚੁਫ਼ੇਰੇ ਰੁਮਕਣ ਵਾਲ਼ੀ ਪੌਣ ਨੂੰ,
ਰੁੱਖ ਲਗਾ ਕੇ ਦੂਸ਼ਿਤ ਹੋਣੋਂ ਬਚਾਵਾਂਗੇ ।
ਰੰਗ-ਬਰੰਗੇ ਫੁੱਲ ਉਗਾ ਕੇ ਲੱਖਾਂ ਹੀ,
ਤੇਰਾ ਸੋਹਣਾ ਮੁਖੜਾ ਹੋਰ ਸਜਾਵਾਂਗੇ ।
ਤੇਰਾ ਵਿਹੜਾ ਖ਼ੁਸ਼ੀਆਂ ਦੇ ਸੰਗ ਭਰਨ ਲਈ,
ਰਲ਼ ਕੇ ਗਿੱਧੇ, ਭੰਗੜੇ, ਝੂਮਰ ਪਾਵਾਂਗੇ । *4×1=4*

(i) ਕਵਿਤਾ ਵਿੱਚ ਕਵੀ ਕਿਸ ਦੀਆਂ ਦਾਤਾਂ ਦਾ ਮੁੱਲ ਪਾਉਣ ਦੀ ਗੱਲ ਕਰ ਰਿਹਾ ਹੈ ?

(ii) ਕਵੀ ਅਨੁਸਾਰ ਚਾਰ-ਚੁਫ਼ੇਰੇ ਰੁਮਕਣ ਵਾਲ਼ੀ ਪੌਣ(ਹਵਾ) ਨੂੰ ਦੂਸ਼ਿਤ ਹੋਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ ?

(iii) ਕਵੀ ਧਰਤੀ ਦਾ ਮੁਖੜਾ ਕਿਸ ਤਰ੍ਹਾਂ ਸਜਾਉਣਾ ਚਾਹੁੰਦਾ ਹੈ ?

(iv) ਕਵੀ ਧਰਤੀ ਦਾ ਵਿਹੜਾ ਕਿਸ ਤਰ੍ਹਾਂ ਖ਼ੁਸ਼ੀਆਂ ਨਾਲ਼ ਭਰਨਾ ਚਾਹੁੰਦਾ ਹੈ ?

## ਭਾਗ-II : ਵਿਆਕਰਨ

## (PART-II : Grammar)

*2+2+2+2+4=12*

**3. ਸਮਾਸੀ ਸ਼ਬਦ :** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any **two**)* ਹੱਲ ਕਰੋ) : *2×1=2*

(i) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਸਾਰਥਕ ਤੇ ਨਿਰਾਰਥਕ ਸ਼ਬਦਾਂ ਦੇ ਸੁਮੇਲ ਨਾਲ਼ ਬਣਿਆ ਹੈ ? ਸਹੀ ਵਿਕਲਪ ਚੁਣੋ ।

(A) ਮੇਜ਼-ਮੁਜ਼ (B) ਮਾਤਾ-ਪਿਤਾ

(C) ਨਫ਼ਾ-ਨੁਕਸਾਨ (D) ਸਾਧੂ-ਸੰਤ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਇੱਕ ਸਮਾਸੀ ਸ਼ਬਦ ***ਨਹੀਂ*** ਹੈ ?

(A) ਲੁਕੀ-ਛੁਪੀ (B) ਪੰਜਾਹ

(C) ਧੱਕੇ-ਸ਼ਾਹੀ (D) ਹਾਲ-ਚਾਲ

(iii) ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਇੱਕ ਸਮਾਸੀ ਸ਼ਬਦ ਹੈ ?

(A) ਜਾਣ-ਪਛਾਣ (B) ਫਿਕਰਮੰਦ

(C) ਤਾਕਤਵਰ (D) ਸਰਘੀ ਵੇਲਾ

**4. ਬਹੁ-ਅਰਥਕ ਸ਼ਬਦ :** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any **two**)* ਹੱਲ ਕਰੋ) : *2×1=2*

(i) ਹੇਠ ਲਿਖੇ ਵਾਕ ਵਿਚਲੀਆਂ ਖਾਲੀ ਥਾਂਵਾਂ ਭਰਨ ਲਈ ਢੁਕਵਾਂ ਬਹੁ-ਅਰਥਕ ਸ਼ਬਦ ਦਾ ਵਿਕਲਪ ਚੁਣੋ :

ਸਵੇਰੇ ਜਦੋਂ ਮੈਂ ਆਪਣੀ ਪੱਗ ਦਾ __________ ਠੀਕ ਕਰ ਰਿਹਾ ਸੀ ਤਾਂ ਮੇਰੇ ਹੱਥ 'ਤੇ ਮੱਛਰ __________ ਗਿਆ । ਹੱਥ 'ਤੇ ਤੇਲ ਲਗਾਉਣ ਵਿੱਚ ਮੈਨੂੰ ਥੋੜ੍ਹਾ ਸਮਾਂ ਲੱਗ ਗਿਆ, ਲੇਟ ਹੋ ਜਾਣ ਕਾਰਨ, ਵਿਆਹ ਵਿੱਚ ਜਾਣ ਲਈ ਬਾਹਰ ਇੰਤਜ਼ਾਰ ਕਰ ਰਿਹਾ, ਮੇਰਾ ਦੋਸਤ ਮੇਰੇ ਨਾਲ਼ ਐਵੇਂ ਹੀ __________ ਪਿਆ । ਜਦੋਂ ਅਸੀਂ ਵਿਆਹ ਵਿੱਚ ਪਹੁੰਚੇ ਤਾਂ ਪਿਤਾ ਆਪਣੀ ਧੀ ਦਾ __________ ਲਾੜੇ ਨੂੰ ਫੜਾ ਚੁੱਕਿਆ ਸੀ ।

(A) ਗਿੱਲਾ (B) ਖਿਝ

(C) ਮਿਲ (D) ਲੜ

(ii) __________ ਬਹੁ-ਅਰਥਕ ਸ਼ਬਦ ਆਖਦੇ ਹਨ । ਸਹੀ ਵਿਕਲਪ ਚੁਣ ਕੇ ਖਾਲੀ ਥਾਂ ਭਰੋ ।

(A) ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲ਼ੇ ਸ਼ਬਦਾਂ ਨੂੰ

(B) ਇੱਕ ਤੋਂ ਵੱਧ ਅਰਥ ਰੱਖਣ ਵਾਲ਼ੇ ਸ਼ਬਦਾਂ ਨੂੰ

(C) ਨਾਂਵ ਦੀ ਥਾਂ 'ਤੇ ਵਰਤੇ ਜਾਣ ਵਾਲ਼ੇ ਸ਼ਬਦਾਂ ਨੂੰ

(D) ਸਮਾਨ ਅਰਥ ਰੱਖਣ ਵਾਲ਼ੇ ਸ਼ਬਦਾਂ ਨੂੰ

(iii) 'ਸੋਹਣਾ' ਦਾ ਇੱਕ ਅਰਥ ਹੈ; 'ਸੁੰਦਰ' ਦੂਜਾ ਅਰਥ ਹੈ :

(A) ਖ਼ੂਬਸੂਰਤ (B) ਉਪਰਾਲਾ

(C) ਉਤਸ਼ਾਹ (D) ਰਿਹਾਈ

**5.** **ਕਿਰਿਆ-ਵਿਸ਼ੇਸ਼ਣ :** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any **two**)* ਹੱਲ ਕਰੋ) : *2×1=2*

(i) ਹੇਠ ਲਿਖੇ ਸ਼ਬਦ-ਸਮੂਹਾਂ ਵਿੱਚੋਂ ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(A) ਨੇੜੇ, ਦੂਰ, ਖੱਬੇ (B) ਦੁਪਹਿਰੇ, ਸ਼ਾਮ, ਕੁਵੇਲੇ

(C) ਘੜੀ-ਮੁੜੀ, ਕਈ ਵਾਰ, ਮੁੜ-ਮੁੜ (D) ਇਵੇਂ, ਕਿਵੇਂ, ਅਚਨਚੇਤ

(ii) ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਪਰਿਮਾਣ ਜਾਂ ਮਿਕਦਾਰ ਦਾ ਪਤਾ ਲੱਗੇ, ਉਹਨਾਂ ਨੂੰ ________ ਕਿਹਾ ਜਾਂਦਾ ਹੈ । ਸਹੀ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ ।

(A) ਗਿਣਤੀ-ਵਾਚਕ ਕਿਰਿਆ-ਵਿਸ਼ੇਸ਼ਣ

(B) ਨਿਰਨੇ-ਵਾਚਕ ਕਿਰਿਆ-ਵਿਸ਼ੇਸ਼ਣ

(C) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

(D) ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :
ਉਹ ਬੇਸ਼ੱਕ ਚਲਾ ਜਾਵੇ ।

(A) ਉਹ (B) ਬੇਸ਼ੱਕ

(C) ਚਲਾ (D) ਜਾਵੇ

**6.** **ਅਗੇਤਰ-ਪਿਛੇਤਰ :** (ਪੁੱਛੇ ਗਏ ਅਨੁਸਾਰ ਹੱਲ ਕਰੋ) : *1+1=2*

(i) ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :
ਸੁ, ਨਾ

(ii) ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :
ਖ਼ਾਨਾ, ਦਾਰੀ

**7.** **ਮੁਹਾਵਰੇ :** ਹੇਠ ਲਿਖਿਆਂ ਵਿੱਚੋਂ ਕਿਸੇ ***ਚਾਰ*** *(any **four**)* ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ : *4×1=4*

(i) ਕੰਨ ਖੜ੍ਹੇ ਹੋਣਾ

(ii) ਖੰਡ ਖੀਰ ਹੋਣਾ

(iii) ਗੁੱਡੀ ਚੜ੍ਹਨੀ

(iv) ਘਿਓ ਦੇ ਦੀਵੇ ਬਾਲਣੇ

(v) ਛਾਂਈ-ਮਾਂਈ ਹੋਣਾ

(vi) ਝੰਡੇ ਗੱਡਣਾ

## ਭਾਗ-III : ਪ੍ਰਭਾਵਸ਼ਾਲੀ ਲਿਖਣ ਕੌਸ਼ਲ
## (PART–III : Writing Skills)

*8+6+4=18*

**8.** ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** *(any **one**)* ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : *1×8=8*

(i) ਜੈਸੀ ਸੰਗਤ ਵੈਸੀ ਰੰਗਤ

(ਜਾਣ-ਪਛਾਣ ....... ਮਨੁੱਖ 'ਤੇ ਸੰਗਤ ਦਾ ਪ੍ਰਭਾਵ ....... ਅਜੋਕਾ ਮਨੁੱਖ ਪਦਾਰਥਕ ਰੁਚੀਆਂ ਦਾ ਗ਼ੁਲਾਮ ....... ਚੰਗੀ ਸੰਗਤ ਵਾਲੇ ਖ਼ੁਸ਼ਕਿਸਮਤ ਹੁੰਦੇ ਹਨ ....... ਪੁਰਾਤਨ ਵੇਰਵਿਆਂ ਵਿੱਚ ਚੰਗੀ ਸੰਗਤ ਦੀਆਂ ਉਦਾਹਰਨਾਂ ....... ਚੰਗੀ ਸੰਗਤ ਸੋਭਾ ਦਾ ਮੂਲ ਆਧਾਰ ....... ਬੁਰੀ ਸੰਗਤ ਦੇ ਪ੍ਰਭਾਵ ....... ਮਨ 'ਤੇ ਕਾਬੂ ਪਾਉਣ ਦੀ ਲੋੜ ....... ਸਿੱਟਾ .......)

(ii) ਵਧਦੀ ਅਬਾਦੀ ਦੀ ਸਮੱਸਿਆ

(ਜਾਣ-ਪਛਾਣ ....... ਭਾਰਤ ਵਿੱਚ ਅਬਾਦੀ ਵਧਣ ਦੇ ਕਾਰਨ ....... ਅਬਾਦੀ ਵਧਣ ਕਾਰਨ ਪੈਦਾ ਹੋ ਰਹੀਆਂ ਸਮੱਸਿਆਵਾਂ ....... ਇਸ ਸਾਰੇ ਤਾਣੇ-ਬਾਣੇ ਬਾਰੇ ਤੁਹਾਡੇ ਵਿਚਾਰ ....... ਸੁਝਾਅ ....... ਸਾਰੰਸ਼ .......)

(iii) ਕਿਸੇ ਪਹਾੜੀ ਸਥਾਨ ਦੀ ਯਾਤਰਾ

(ਜਾਣ-ਪਛਾਣ ....... ਘੁੰਮਣ ਦਾ ਮਹੱਤਵ ....... ਘੁੰਮਣ ਦਾ ਪ੍ਰੋਗਰਾਮ ....... ਘੁੰਮਣ ਜਾਣ ਵਾਲੇ ਸਥਾਨਾਂ ਦਾ ਵੇਰਵਾ ....... ਜਾਣ ਸਮੇਂ ਰਸਤੇ ਦੇ ਵੇਰਵੇ ....... ਘੁੰਮਣ ਸਥਾਨ ਬਾਰੇ ਵਿਸਥਾਰ ਵਿੱਚ ਵੇਰਵੇ ....... ਆਪਣੇ ਵਿਚਾਰ ....... ਸਿੱਟਾ .......)

**9.** ਪੱਤਰ-ਰਚਨਾ : *1×6=6*

(i) ਤੁਹਾਡੇ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਨਾਲ ਲਗਦੇ ਸ਼ਹਿਰ ਦੇ ਇਤਿਹਾਸਿਕ ਸਥਾਨਾਂ ਦੇ ਟੂਰ ਲਈ ਲਿਜਾਇਆ ਜਾ ਰਿਹਾ ਹੈ । ਆਪਣੇ ਪਿਤਾ ਜੀ ਨੂੰ ਇਸ ਦੀ ਮਹਾਨਤਾ ਦੱਸਦੇ ਹੋਏ, ਟੂਰ 'ਤੇ ਜਾਣ ਦੀ ਇਜਾਜ਼ਤ ਲੈਣ ਲਈ ਪੱਤਰ ਲਿਖੋ ।

ਨੁਕਤੇ – (ਇਮਤਿਹਾਨ ਵਧੀਆ ਹੋਣ ਬਾਰੇ ਦੱਸਣਾ ....... ਟੂਰ ਲਈ ਨਿਰਧਾਰਿਤ ਇਤਿਹਾਸਿਕ ਸਥਾਨਾਂ ਅਤੇ ਉਹਨਾਂ ਦੀ ਮਹੱਤਤਾ ਦਾ ਜਿਕਰ ....... ਪੜ੍ਹਾਈ ਦੇ ਨਾਲ-ਨਾਲ ਘੁੰਮਣਾ ਵੀ ਜ਼ਰੂਰੀ ....... ਇਹਨਾਂ ਇਤਿਹਾਸਿਕ ਸਥਾਨਾਂ ਨੂੰ ਵੇਖਣ ਤੋਂ ਬਾਅਦ ਰੱਟੇ ਦੀ ਲੋੜ ਨਹੀਂ ....... ਇਹਨਾਂ ਇਤਿਹਾਸਿਕ ਸਥਾਨਾਂ ਨੂੰ ਵੇਖਣ ਦੀ ਦਿਲੀ ਇੱਛਾ ਦਾ ਜ਼ਿਕਰ ....... ਛੁੱਟੀਆਂ ਵਿੱਚ ਜਾਣ ਕਾਰਨ ਪੜ੍ਹਾਈ ਦਾ ਨੁਕਸਾਨ ਨਹੀਂ ....... ਜਾਣ ਦੀ ਇਜਾਜ਼ਤ ਲੈਣ ਦਾ ਜ਼ਿਕਰ .......)

**ਜਾਂ (OR)**

(ii) ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਆਪਣੀ ਭੈਣ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਹਫ਼ਤੇ ਦੀਆਂ ਛੁੱਟੀਆਂ ਲੈਣ ਲਈ ਪੱਤਰ ਲਿਖੋ ।

ਨੁਕਤੇ – (ਵੱਡੀ ਭੈਣ ਦੇ ਵਿਆਹ ਦੀ ਤਾਰੀਖ਼ ਨਿਰਧਾਰਿਤ ਹੋਣਾ ....... ਪਿਤਾ ਜੀ ਦੀ ਨੌਕਰੀ ਦੂਰ-ਦੁਰਾਡੇ ਹੋਣਾ ....... ਉਹਨਾਂ ਨੂੰ ਲੰਮੀ ਛੁੱਟੀ ਨਾ ਮਿਲਣਾ ....... ਵਿਆਹ ਦੇ ਕੰਮਾਂ ਦੀ ਜ਼ਿਆਦਾ ਜ਼ੁੰਮੇਵਾਰੀ ਮੇਰੇ ਸਿਰ ਹੋਣਾ ....... ਵਿਆਹ ਵਿੱਚ ਘੱਟ ਸਮਾਂ ਰਹਿ ਜਾਣਾ ....... ਵਿਆਹ ਦੇ ਕਾਫ਼ੀ ਕਾਰਜ ਅਧੂਰੇ ਹੋਣਾ ....... ਛੁੱਟੀਆਂ ਸਮੇਂ ਦੀ ਪੜ੍ਹਾਈ ਦੇ ਨੁਕਸਾਨ ਦੀ ਪੂਰਤੀ ਵਿਆਹ ਤੋਂ ਬਾਅਦ ਵੱਧ ਸਮਾਂ ਲਗਾ ਕੇ ਕਰਨਾ ....... ਹਫ਼ਤੇ ਦੀਆਂ ਛੁੱਟੀਆਂ ਲੈਣਾ ਬਹੁਤ ਜ਼ਰੂਰੀ .......)

**10.** ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ । *1×4=4*



***ਨੋਟ :*** *ਹੇਠਲਾ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼* ***ਨੇਤਰਹੀਣ ਵਿਦਿਆਰਥੀਆਂ*** *ਲਈ ਹੈ ।*

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੇ-ਪੱਤਰ ਲਿਖੋ ।

## ਭਾਗ-IV : ਪਾਠ-ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ

## (PART–IV : Text-Book Based Questions)

*5+5+4+14+8+4=40*

**11.** **ਕਹਾਣੀ ਤੇ ਵਾਰਤਕ ਵਿੱਚੋਂ** (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ***ਪੰਜ*** *(any **five**)* ਹੱਲ ਕਰੋ) : *5×1=5*

(i) 'ਘਰ ਦਾ ਪਿਆਰ' ਲੇਖ ਅਨੁਸਾਰ 'ਧਰਮ ਘਰਾਂ ਵਿੱਚੋਂ ਨਿਕਲ ਕੇ ________ ਵਿੱਚ ਆ ਗਿਆ ਹੈ ।' ਸਹੀ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ ।

(A) ਬਜ਼ਾਰਾਂ (B) ਧਾਰਮਿਕ ਸਥਾਨਾਂ

(C) ਸਕੂਲਾਂ (D) ਹੋਸਟਲਾਂ

(ii) 'ਬੋਲੀ' ਲੇਖ ਅਨੁਸਾਰ ਕਿਸ ਉਮਰ ਵਿੱਚ ਮਨ 'ਤੇ ਚਿਤਰੇ ਲਫ਼ਜ ਭੁੱਲਦੇ ਨਹੀਂ ?

(A) ਜਵਾਨੀ ਵਿੱਚ (B) ਬੁਢਾਪੇ ਵਿੱਚ

(C) ਬਚਪਨ ਵਿੱਚ (D) ਉਪਰੋਕਤ ਸਾਰਿਆਂ ਵਿੱਚ

(iii) 'ਮੇਰੇ ਵੱਡੇ ਵਡੇਰੇ' ਲੇਖ ਅਨੁਸਾਰ ਚੌਧਰੀ ਚੜਤ ਸਿੰਘ ਕੌਣ ਸੀ ?

(A) ਇੱਕ ਪਹਿਲਵਾਨ (B) ਪਿੰਡ ਦਾ ਚੌਧਰੀ

(C) ਲੇਖਕ ਦਾ ਦਾਦਾ (D) ਲੇਖਕ ਖ਼ੁਦ

(iv) 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਸਹੀ ਵਿਕਲਪ ਚੁਣ ਕੇ ਵਾਕ ਪੂਰਾ ਕਰੋ : ''ਹੁਣ ਰਾਤ ਪੈ ਗਈ ਏ, _________ ਕੱਲ੍ਹ ਖਾਵਾਂਗੇ ।''

(A) ਮੁਰਮੁਰਾ (B) ਖੀਰ

(C) ਛੋਲੇ (D) ਕੁਲਫ਼ੀ

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਅਨੁਸਾਰ 'ਠੱਠੀ ਖਾਰਾ' ਪਿੰਡ ਕਿਸ ਸ਼ਹਿਰ ਦੇ ਨੇੜੇ ਹੈ ?

(A) ਜਲੰਧਰ (B) ਅੰਮ੍ਰਿਤਸਰ

(C) ਬਠਿੰਡਾ (D) ਫ਼ਿਰੋਜ਼ਪੁਰ

(vi) 'ਅੰਗ-ਸੰਗ' ਕਹਾਣੀ ਕਿਸ ਦੀ ਲਿਖੀ ਹੋਈ ਹੈ ?

(A) ਸੁਜਾਨ ਸਿੰਘ (B) ਕੁਲਵੰਤ ਸਿੰਘ ਵਿਰਕ

(C) ਵਰਿਆਮ ਸਿੰਘ ਸੰਧੂ (D) ਸੰਤ ਸਿੰਘ ਸੇਖੋਂ

**12.** **ਕਵਿਤਾ ਤੇ ਇਕਾਂਗੀ ਵਿੱਚੋਂ** (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ***ਪੰਜ*** *(any **five**)* ਹੱਲ ਕਰੋ) : *5×1=5*

(i) 'ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ' ਵਿੱਚ 'ਦੋਸਤੀ' ਸ਼ਬਦ ਦੇ ਕੀ ਅਰਥ ਹਨ ?

(A) ਮੰਗਣਾ (B) ਨਫ਼ਰਤ

(C) ਪਿਆਰ (D) ਰਿਸ਼ਤੇਦਾਰੀ

(ii) 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਵਿੱਚ ਭਾਈ ਗੁਰਦਾਸ ਜੀ ਨੇ ਕਿਸ ਗੁਰੂ ਸਹਿਬਾਨ ਬਾਰੇ ਵਿਚਾਰ ਪ੍ਰਗਟਾਏ ਹਨ ?

(A) ਸ੍ਰੀ ਗੁਰੂ ਨਾਨਕ ਦੇਵ ਜੀ

(B) ਸ੍ਰੀ ਗੁਰੂ ਅਮਰਦਾਸ ਜੀ

(C) ਸ੍ਰੀ ਗੁਰੂ ਅਰਜਨ ਦੇਵ ਜੀ

(D) ਸ੍ਰੀ ਗੁਰੂ ਗੋਬਿੰਦ ਸਿੰਘ ਜੀ

(iii) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਅਨੁਸਾਰ 'ਵਧਾਈ' ਕਿਸ ਰਾਹੀਂ ਪ੍ਰਗਟ ਹੋਈ ਹੈ ?

(A) ਪਿਤਾ ਰਾਹੀਂ (B) ਪੂਰੇ ਗੁਰੂ ਰਾਹੀਂ

(C) ਮਾਤਾ ਰਾਹੀਂ (D) ਰਿਸ਼ਤੇਦਾਰ ਰਾਹੀਂ

(iv) ਮਨਜੀਤ ਕੌਰ ਆਪਣੀ ਸੱਸ ਨਿਹਾਲ ਕੌਰ ਨੂੰ ਕਿਸ ਨੂੰ ਬੁਰਾ ਕਹਿਣ ਤੋਂ ਰੋਕਦੀ ਹੈ ? 'ਦੂਜਾ ਵਿਆਹ' ਇਕਾਂਗੀ ਦੇ ਆਧਾਰ 'ਤੇ ਉੱਤਰ ਦਿਓ ।

(A) ਸੁਖਦੇਵ ਸਿੰਘ ਨੂੰ (B) ਸੁਖਦੇਵ ਕੌਰ ਦੇ ਪਤੀ ਨੂੰ

(C) ਗੁਰਦਿੱਤ ਸਿੰਘ ਨੂੰ (D) ਗੁਆਂਢਣ ਨੂੰ

(v) 'ਜ਼ਫ਼ਰਨਾਮਾ' ਇਕਾਂਗੀ ਅਨੁਸਾਰ ਔਰੰਗਜ਼ੇਬ ਦੇ ਸ਼ਾਹੀ ਮਹੱਲ ਅਤੇ ਦਰਬਾਰ ਵਿੱਚ ਕਿਸ ਗੱਲ ਦੀ ਮਨਾਹੀ ਸੀ ?

(A) ਸੰਗੀਤ ਤੇ ਨਾਚ ਦੀ
(B) ਗੱਲ ਕਰਨ ਦੀ
(C) ਵਿਆਹ ਕਰਵਾਉਣ ਦੀ
(D) ਕਿਤਾਬਾਂ ਪੜ੍ਹਨ ਦੀ

(vi) ''ਬਹੁਤ ਬੁਰੀ ਖ਼ਬਰ ਹੈ, ਫ਼ਕੀਰਾਂ ਦੀ ਬਦਦੁਆ ਤੋਂ ਖੁਦਾ ਬਚਾਏ ।''
'ਜ਼ਫ਼ਰਨਾਮਾ' ਇਕਾਂਗੀ ਵਿੱਚ ਇਹ ਸ਼ਬਦ ਕਿਸ ਨੇ ਕਹੇ ?

(A) ਜ਼ੀਨਤ-ਉਨ-ਨਿਸਾ ਨੇ
(B) ਬੇਗ਼ਮ ਉਦੈਪੁਰੀ ਨੇ
(C) ਅਸਦ ਖ਼ਾਨ ਨੇ
(D) ਸ਼ਾਹੀ ਹਕੀਮ ਨੇ

**13. ਕਹਾਣੀ ਤੇ ਵਾਰਤਕ ਵਿੱਚੋਂ** (ਕਿਸੇ ***ਚਾਰ*** *(any **four**) ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ*) : *4×1=4*

(i) 'ਮੇਰੇ ਵੱਡੇ-ਵਡੇਰੇ' ਲੇਖ ਅਨੁਸਾਰ ਲਟੈਣ ਚੜ੍ਹਾਉਣ ਲਈ ਪਿੰਡ ਦੇ ਕਿੰਨੇ ਗੱਭਰੂ ਇਕੱਠੇ ਕਰਨੇ ਪਏ ?

(ii) ਸ: ਗੁਰਬਖ਼ਸ਼ ਸਿੰਘ ਦਾ ਕਿਹੜਾ ਲੇਖ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ ?

(iii) 'ਘਰ ਦਾ ਪਿਆਰ' ਲੇਖ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਪਰਦੇਸ ਯਾਤਰਾ ਤੋਂ ਪਰਤ ਕੇ ਪਿੰਡ ਦੇ ਬਾਹਰ ਕਿਹੜੀ ਥਾਂ 'ਤੇ ਬੈਠੇ ?

(iv) 'ਕੁਲਫੀ' ਕਹਾਣੀ ਵਿੱਚ ਕਾਕੇ ਦੀ ਉਮਰ ਕਿੰਨੀ ਹੈ ?

(v) ''ਚਰ੍ਹੀਆਂ, ਕਮਾਦ ਕਿੱਡੇ-ਕਿੱਡੇ ਹੋ ਗਏ ਨੇ ਆਪਣੇ ਵੱਲ ?'' ਇਹ ਸ਼ਬਦ 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਕਿਸ ਨੇ ਕਹੇ ?

**14. ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ** (ਕਿਸੇ ***ਸੱਤ*** *(any **seven**)* ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) : *7×2=14*

(i) ਅਮਰੀਕ ਦਾ ਦਾਦਾ ਜਦੋਂ ਆਖਰੀ ਵਾਰ ਪਿੰਡ ਆਇਆ ਸੀ ਤਾਂ ਉਸ ਨੇ ਕਰਤਾਰ ਸਿੰਘ ਨੂੰ ਕੀ ਕਿਹਾ ? 'ਅੰਗ-ਸੰਗ' ਕਹਾਣੀ ਦੇ ਆਧਾਰ 'ਤੇ ਦੱਸੋ ।

(ii) 'ਕੁਲਫ਼ੀ' ਕਹਾਣੀ ਦੇ ਅੰਤ ਵਿੱਚ, ਕੀ ਲੇਖਕ ਦਾ ਆਪਣੀ ਪਤਨੀ ਨੂੰ ਕਾਕੇ ਨੂੰ ਮਾਰਨ ਤੋਂ ਰੋਕਣਾ ਠੀਕ ਹੈ ? ਦਲੀਲਾਂ ਸਹਿਤ ਆਪਣੇ ਵਿਚਾਰ ਪ੍ਰਗਟ ਕਰੋ ।

(iii) 'ਧਰਤੀ ਹੇਠਲਾ ਬਲ਼ਦ' ਕਹਾਣੀ ਦਾ ਵਿਸ਼ਾ ਕੀ ਹੈ ? ਆਪਣੇ ਵਿਚਾਰ ਪ੍ਰਗਟ ਕਰੋ ।

(iv) 'ਦੂਜਾ ਵਿਆਹ' ਇਕਾਂਗੀ ਵਿੱਚ ਮਨਜੀਤ ਕੌਰ, ਨਿਹਾਲ ਕੌਰ ਨੂੰ ਉਸ ਦੇ ਪੁੱਤਰ (ਸੁਖਦੇਵ ਸਿੰਘ) ਦਾ ਦੂਜਾ ਵਿਆਹ ਕਰਾਉਣ ਦੀ ਸੂਰਤ ਵਿੱਚ ਕਿਹੜਾ ਡਰਾਵਾ ਦਿੰਦੀ ਹੈ ?

(v) 'ਜ਼ਫ਼ਰਨਾਮਾ' ਇਕਾਂਗੀ ਵਿੱਚ ਔਰੰਗਜ਼ੇਬ ਨੂੰ ਕਿਹੜਾ ਭੇਤ ਆਪਣੀ ਬੇਟੀ ਨੂੰ ਦੱਸਦਿਆਂ ਡਰ ਲੱਗ ਰਿਹਾ ਸੀ ?

(vi) 'ਤੁਰਨ ਦਾ ਹੁਨਰ' ਲੇਖ ਵਿੱਚ ਤੁਰਨ ਦੇ ਪ੍ਰਸੰਗ ਵਿੱਚ ਲੇਖਕ ਨੇ ਕਿਹੜੀਆਂ-ਕਿਹੜੀਆਂ ਸ਼ਖ਼ਸੀਅਤਾਂ ਦਾ ਹਵਾਲਾ ਦਿੱਤਾ ਹੈ ।

(vii) 'ਘਰ ਦਾ ਪਿਆਰ' ਲੇਖ ਵਿੱਚ ਲੇਖਕ ਨੇ ਕੱਥਕੜਾਂ ਦੇ ਦੋਹਰੇ ਕਿਰਦਾਰ ਬਾਰੇ ਜੋ ਵਿਚਾਰ ਪ੍ਰਗਟਾਏ ਹਨ, ਤੁਸੀਂ ਉਹਨਾਂ ਵਿਚਾਰਾਂ ਨਾਲ਼ ਕਿੰਨੇ 'ਕੁ ਸਹਿਮਤ ਹੋ ? ਦਲੀਲਾਂ ਸਹਿਤ ਉੱਤਰ ਦਿਓ ।

(viii) 'ਬੋਲੀ' ਲੇਖ ਅਨੁਸਾਰ 'ਵੱਡਿਆਂ ਨੂੰ ਬੱਚਿਆਂ ਦੀ ਬੋਲੀ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹਿਦਾ ਹੈ ।' ਲੇਖਕ ਦੀ ਇਸ ਗੱਲ ਤੋਂ ਤੁਸੀਂ ਕੀ ਸਮਝਦੇ ਹੋ ? ਆਪਣੇ ਵਿਚਾਰ ਪ੍ਰਗਟ ਕਰੋ ।

**15.** **ਕਵਿਤਾ ਤੇ ਵਾਰਤਕ ਵਿੱਚੋਂ** (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *2×4=8*

(i) (ੳ) ਕਿਹਾ ਜਾਂਦਾ ਹੈ ਕਿ 'ਜੰਗ ਦਾ ਹਾਲ' ਰਚਨਾ ਵਿੱਚ 'ਜੰਗ ਬਾਰੇ ਬਿਆਨ ਕਰਦੇ ਸਮੇਂ ਸ਼ਾਹ ਮੁਹੰਮਦ ਦੀ ਹਮਦਰਦੀ ਸਿੱਖ ਫ਼ੌਜ ਨਾਲ਼ ਵਧੇਰੇ ਹੈ ।' ਤੁਹਾਡੇ ਵਿਚਾਰ ਅਨੁਸਾਰ ਕੀ ਸ਼ਾਹ ਮੁਹੰਮਦ ਦੁਆਰਾ ਇਸ ਤਰ੍ਹਾਂ ਕਰਨਾ ਠੀਕ ਹੈ ? ਆਪਣੇ ਵਿਚਾਰ ਪ੍ਰਗਟ ਕਰੋ ।

**ਜਾਂ (OR)**

(ਅ) ਗੁਰੂ ਅਮਰਦਾਸ ਜੀ ਦੀ ਬਾਣੀ 'ਕਿਰਪਾ ਕਰਿ ਕੈ ਬਖਸਿ ਲੈਹੁ' ਵਿੱਚ ਗੁਰੂ ਜੀ ਅਨੁਸਾਰ ਕਿਹੜੇ ਜੀਵਾਂ ਦੀ ਜੈ-ਜੈ ਹੁੰਦੀ ਹੈ ਤੇ ਕਿਵੇਂ ?

(ii) (ੳ) 'ਤੁਰਨ ਦਾ ਹੁਨਰ' ਪਾਠ ਦੇ ਆਧਾਰ 'ਤੇ ਦੱਸੋ ਕਿ ਤੁਰਨ ਨਾਲ਼ ਸਾਨੂੰ ਕਿਹੜੇ-ਕਿਹੜੇ ਸਦਾਚਾਰਕ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ ?

**ਜਾਂ (OR)**

(ਅ) 'ਪ੍ਰਾਰਥਨਾ' ਲੇਖ ਦੇ ਆਧਾਰ 'ਤੇ ਦੱਸੋ ਕਿ ਮਹਾਰਾਜਾ ਰਣਜੀਤ ਸਿੰਘ ਆਪਣੇ ਕਾਰਜ ਕਿਵੇਂ ਸਿੱਧ ਕਰ ਲੈਂਦੇ ਸਨ ?

**16.** **ਇਕਾਂਗੀ ਵਿੱਚੋਂ** (ਕਿਸੇ ***ਇੱਕ*** *(any **one**)* ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *1×4=4*

(i) 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਦੱਸੋ ਕਿ 'ਜ਼ਫ਼ਰਨਾਮਾ' ਪੜ੍ਹਨ ਤੋਂ ਬਾਅਦ ਔਰੰਗਜ਼ੇਬ ਨੂੰ ਕੀ ਪਰੇਸ਼ਾਨੀ ਹੋਈ ? ਜਿਸ ਬਾਰੇ ਉਹ ਆਪਣੇ ਅਹਿਲਕਾਰ ਨੂੰ ਦੱਸਦਾ ਹੈ ।

(ii) 'ਦੂਜਾ ਵਿਆਹ' ਇਕਾਂਗੀ ਦੇ ਅਖੀਰ ਵਿਚ ਨਿਹਾਲ ਕੌਰ, ਮਨਜੀਤ ਤੋਂ ਮਾਫ਼ੀ ਕਿਉਂ ਮੰਗਦੀ ਹੈ ? ਕੀ ਉਸਦਾ ਇੰਝ ਮਾਫ਼ੀ ਮੰਗਣਾ ਠੀਕ ਹੈ ? ਆਪਣੇ ਵਿਚਾਰ ਪ੍ਰਗਟ ਕਰੋ ।